Paper Code- M.Phil. I

**Deptt. of Punjabi**
**University of Delhi, Delhi-7**

M. Phil. Course (Part I)
Course No. 1
Title : "Reserch Methodology and Approaches to Literature"
April 2015

Duration : 3 Hours | Maximum Marks : 100

**ਨੋਟ :** ਪ੍ਰਸ਼ਨ ਪੱਤਰ ਦੇ ਸਾਰੇ ਪ੍ਰਸ਼ਨਾਂ ਦੇ ਜਵਾਬ ਦੇਣੇ ਲਾਜ਼ਮੀ ਹਨ।

1. 'ਖੋਜ' ਨੂੰ ਪਰਿਭਾਸ਼ਤ ਕਰਦਿਆਂ, ਇਸ ਦੀ ਪ੍ਰਕਿਰਤੀ ਤੇ ਪ੍ਰਯੋਜਨ ਉਪਰ ਰੌਸ਼ਨੀ ਪਾਉ। 20

**ਜਾਂ**

'ਖੋਜ' ਦੀਆਂ ਪ੍ਰਚਲਤ ਅਧਿਐਨ-ਵਿਧੀਆਂ ਕਿਹੜੀਆਂ ਹਨ ? ਇਨ੍ਹਾਂ ਵਿਚੋਂ ਕਿਹੜੀ ਵਿਧੀ ਵਧੇਰੇ ਸਾਰਥਕ ਮੰਨੀ ਜਾਂਦੀ ਹੈ ? ਚਰਚਾ ਕਰੋ।

2. ਪੰਜਾਬੀ ਖੋਜ ਦੇ ਇਤਿਹਾਸ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ। 20

**ਜਾਂ**

ਖੋਜ-ਨਿਬੰਧ ਦੀ ਆਰਜ਼ੀ ਰੂਪਰੇਖਾ ਕਿਵੇਂ ਤਿਆਰ ਕੀਤੀ ਜਾਂਦੀ ਹੈ। ਵਿਸਤਾਰ ਸਹਿਤ ਚਰਚਾ ਕਰੋ।

3. ਸੰਰਚਨਾਵਾਦੀ ਅਧਿਐਨ-ਪ੍ਰਣਾਲੀ ਦੇ ਬੁਨਿਆਦੀ ਆਧਾਰ ਕੀ ਹਨ ? ਚਰਚਾ ਕਰੋ।

**ਜਾਂ**

ਸੰਰਚਨਾਵਾਦ ਤੋਂ ਉੱਤਰ-ਸੰਰਚਨਾਵਾਦ ਦੇ ਵਿਕਾਸ ਉਪਰ ਰੌਸ਼ਨੀ ਪਾਉ। 20

**P.T.O.**

Scanned with CamScanner

Deptt. of Punjabi
University of Delhi, Delhi-7

M. Phil. Course (Part I)
Course No. 2 (Option i)
Title : Gurmat Kaav
April 2015

Duration : 3 Hours | Maximum Marks : 100

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਗੁਰਮਤਿ-ਕਾਵਿ ਦੇ ਸਭਿਆਚਾਰਕ ਪਰਿਪੇਖ ਉਪਰ ਰੌਸ਼ਨੀ ਪਾਉ। 20

**ਜਾਂ**

ਗੁਰਬਾਣੀ ਦੇ ਦਾਰਸ਼ਨਿਕ ਪਰਿਪੇਖ ਦੇ ਮਹੱਤਵ ਨੂੰ ਉਭਾਰੋ।

2. ਗੁਰਬਾਣੀ ਦੇ ਰਹਾਉ-ਸ਼ਾਸਤਰ ਨਾਲ ਸੰਬੰਧਤ ਤਕਨੀਕੀ ਨੁਕ਼ਤਿਆਂ ਨੂੰ ਸਪੱਸ਼ਟ ਕਰੋ। 20

**ਜਾਂ**

ਗੁਰਬਾਣੀ ਦੇ ਕਾਵਿ-ਸ਼ਾਸਤਰ ਦੀ ਉਸਾਰੀ ਵਕ਼ਤ ਕਿਨ੍ਹਾਂ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ? ਚਰਚਾ ਕਰੋ।

3. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ ਨਾਲ ਸੰਬੰਧਤ ਬੁਨਿਆਦੀ ਨੁਕ਼ਤੇ ਪੇਸ਼ ਕਰੋ। 20

**ਜਾਂ**

'ਮਾਰੂ ਸੋਲਹੇ ਮਹਲਾ ੧' ਬਾਣੀ ਦਾ ਥੀਮਕ-ਅਧਿਐਨ ਪੇਸ਼ ਕਰੋ।

P.T.O.

Scanned with CamScanner

4. 'ਬਾਬਰਵਾਣੀ' ਬਾਣੀ ਦਾ ਇਤਿਹਾਸ ਦੀ ਦ੍ਰਿਸ਼ਟੀ ਤੋਂ ਅਧਿਐਨ ਪੇਸ਼ ਕਰੋ। 20

ਜਾਂ

'ਬਾਬਰਵਾਣੀ' ਬਾਣੀ ਦੇ ਦਾਰਸ਼ਨਿਕ ਪੱਖਾਂ ਨੂੰ ਉਭਾਰੋ

5. ਭਾਰਤੀ ਕਾਵਿ-ਪਰੰਪਰਾ ਵਿਚ ਬਾਰਾਮਾਹ ਕਾਵਿ-ਰੂਪਾਕਾਰ ਦੀ ਵਿਲੱਖਣਤਾ ਨੂੰ ਉਭਾਰਦਿਆਂ, ਗੁਰੂ ਨਾਨਕ ਰਚਿਤ 'ਬਾਰਾਮਾਹ ਤੁਖਾਰੀ' ਦਾ ਵਿਸ਼ਲੇਸ਼ਣ ਕਰੋ। 20

ਜਾਂ

ਗੁਰੂ ਅਰਜਨ ਦੇਵ ਰਚਿਤ 'ਬਾਰਾਮਾਹ ਮਾਝ' ਵਿਚ ਪੇਸ਼ ਵਿਜੋਗ ਅਤੇ ਸੰਜੋਗ ਦੇ ਵਰਣਨ ਨੂੰ ਕਿਵੇਂ ਸੂਤਰਬੱਧ ਕੀਤਾ ਗਿਆ ਹੈ ? ਚਰਚਾ ਕਰੋ।

-0-

Scanned with CamScanner

Roll no..................

**Department of Punjabi**

**University of Delhi**

| | |
|---|---|
| Name of Examination | : M.Phil April-2015 |
| Subject | : Punjabi |
| Course | : II- Medieval Punjabi Literature |
| Paper | : 2 (op. II)- Sufi Poetry |

**Time : 3 Hours** **Maximum Marks :100**

**ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ**

1. ਸੂਫ਼ੀਮਤ ਦੇ ਉਦਭਵ ਤੇ ਵਿਕਾਸ ਬਾਰੇ ਦੱਸਦੇ ਹੋਏ ਪੰਜਾਬ ਵਿਚ ਇਸ ਦੇ ਪ੍ਰਸਾਰ ਬਾਰੇ ਵਿਸਤਾਰ ਸਹਿਤ ਚਰਚਾ ਕਰੋ।

   ਜਾਂ

   ਸੂਫ਼ੀ ਸਿਲਸਿਲਿਆਂ ਬਾਰੇ ਤੁਸੀਂ ਕੀ ਜਾਣਦੇ ਹੋ ? ਪੰਜਾਬ ਵਿਚ ਪ੍ਰਚਲਿਤ ਸਿਲਸਿਲਿਆਂ ਅਤੇ ਇਨ੍ਹਾਂ ਨਾਲ ਜੁੜੇ ਸੂਫ਼ੀਆਂ ਬਾਰੇ ਭਰਪੂਰ ਜਾਣਕਾਰੀ ਦਿਓ। 20

2. ਪੰਜਾਬੀ ਸੂਫ਼ੀ ਕਾਵਿ ਦੇ ਦਾਰਸ਼ਨਿਕ ਪੱਖ ਉੱਤੇ ਵਿਸਤ੍ਰਿਤ ਨੋਟ ਲਿਖੋ।

   ਜਾਂ

   ਪੰਜਾਬੀ ਸੂਫ਼ੀ ਕਵਿਤਾ ਵਿਚ ਪੇਸ਼ ਸਮਾਜ-ਸਭਿਆਚਾਰ ਨੂੰ ਵਿਸ਼ਲੇਸ਼ਿਤ ਕਰੋ। 20

3. ਪੰਜਾਬੀ ਸੂਫ਼ੀ ਕਵਿਤਾ ਵਿਚ ਪੇਸ਼ ਰਹੱਸ-ਅਨੁਭਵ ਨੂੰ ਸੂਫ਼ੀ ਕਵੀਆਂ ਦੇ ਹਵਾਲੇ ਨਾਲ ਵਿਚਾਰ ਚਰਚਾ ਦਾ ਅਧਾਰ ਬਣਾਓ।

   ਜਾਂ

   ਪੰਜਾਬੀ ਸੂਫ਼ੀ ਕਾਵਿ ਦੇ ਸਾਧਨਾਤਮਕ ਪੱਖ ਬਾਰੇ ਵਿਸਤਾਰ ਪੂਰਵਕ ਨੋਟ ਲਿਖੋ। 20

4. ਪ੍ਰਗੀਤ ਨੂੰ ਪਰਿਭਾਸ਼ਤ ਕਰਦੇ ਹੋਏ ਪੰਜਾਬੀ ਸੂਫ਼ੀ ਕਾਵਿ ਦੇ ਪ੍ਰਗੀਤਕ ਪੱਖ ਉਤੇ ਰੌਸ਼ਨੀ ਪਾਓ।

   ਜਾਂ

   ਪੰਜਾਬੀ ਸੂਫ਼ੀ ਕਾਵਿ ਦੇ ਬਿੰਬ-ਵਿਧਾਨ ਬਾਰੇ ਜਾਣਕਾਰੀ ਭਰਪੂਰ ਨੋਟ ਲਿਖੋ। 20

5. ਪੰਜਾਬੀ ਸੂਫ਼ੀ ਕਵਿਤਾ ਦੇ ਕਾਵਿ ਸ਼ਾਸਤਰ ਉੱਤੇ ਵਿਸਤ੍ਰਿਤ ਨੋਟ ਲਿਖੋ।

   ਜਾਂ

   ਪੰਜਾਬੀ ਸੂਫ਼ੀ ਕਵਿਤਾ ਦੀ ਇਤਿਹਾਸਕਾਰੀ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਚਰਚਾ ਕਰੋ। 20

Scanned with CamScanner

Roll No…………..

Department of Punjabi
University of Delhi
Course : M.Phil. Punjabi
Subject : Punjabi
Paper : Medieval Punjabi Literature
Option : C-II(iii) Qissa Poetry
(Admission of 2009& onwards)
(April- 2015)

Time Allowed:3 hours Maximum Marks:100

ਨੋਟ: ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ।

1. ਪੰਜਾਬੀ ਕਿੱਸਾ ਕਾਵਿ ਦੀ ਇਤਿਹਾਸਕਾਰੀ ਨੂੰ ਲੈ ਕੇ ਕਿਸ ਪ੍ਰਕਾਰ ਦੀਆਂ ਚੁਣੌਤੀਆਂ ਦਰਪੇਸ਼ ਆਉਂਦੀਆਂ ਹਨ,ਇਸ ਸਬੰਧੀ ਚਰਚਾ ਕਰੋ। 20

ਜਾਂ

ਪੰਜਾਬੀ ਕਿੱਸਾ ਕਾਵਿ ਦਾ ਕਾਵਿ ਸ਼ਾਸਤਰ ਉਸਾਰਨ ਵਿਚ ਸਹਾਈ ਤੱਥਾਂ ਨੂੰ ਰੇਖਾਂਕਿਤ ਕਰੋ।

2. ਕੀ ਪੰਜਾਬੀ ਕਿੱਸਾ ਕਾਵਿ ਬਾਰੇ ਪ੍ਰਾਪਤ ਅਧਿਐਨ,ਪੁਨਰ ਸੰਵਾਦ ਦੀ ਮੰਗ ਕਰਦਾ ਹੈ?ਚਰਚਾ ਕਰੋ। 20

ਜਾਂ

ਪੰਜਾਬੀ ਕਿੱਸਾ ਕਾਵਿ ਵਿਚੋਂ ਦੁਖਾਂਤ ਦਾ ਸੰਕਲਪ ਕਿਵੇਂ ਉਭਰ ਕੇ ਸਾਹਮਣੇ ਆਉਂਦਾ ਹੈ?ਇਸ ਸਬੰਧੀ ਆਪਣੇ ਵਿਚਾਰ ਪ੍ਰਗਟਾਓ।

3. ਪੰਜਾਬੀ ਕਿੱਸਾ ਕਾਵਿ ਵਿਚੋਂ ਮਾਨਵੀ ਸੰਕਲਪਾਂ ਦੀ ਮੂਲ ਪਛਾਣ ਕਰਨ ਲਈ ਕਿਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ?ਸਪੱਸ਼ਟ ਕਰੋ। 20

ਜਾਂ

ਪੰਜਾਬੀ ਕਿੱਸਾ ਕਾਵਿ ਦੇ ਵਿਚਾਰਧਾਰਾਈ ਉਸਾਰ ਵਿਚ ਕਿਹੜੇ ਪਹਿਲੂ ਅਹਿਮ ਭੂਮਿਕਾ ਨਿਭਾਉਂਦੇ ਹਨ?ਉਹਨਾਂ ਸਬੰਧੀ ਵਿਸਤਾਰਪੂਰਵਕ ਚਰਚਾ ਕਰੋ।

4. ਪੰਜਾਬੀ ਕਿੱਸਾ ਕਾਵਿ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਸਬੰਧੀ ਉਲੇਖ ਕਰੋ। 20

ਜਾਂ

ਪੰਜਾਬੀ ਕਿੱਸਾ ਕਾਵਿ ਦੀਆਂ ਭਾਸ਼ਾਈ ਵਿਲੱਖਣਤਾਵਾਂ ਉਲੀਕੋ।

5. ਪੰਜਾਬੀ ਕਿੱਸਾ ਕਾਵਿ ਵਿਚੋਂ ਪੰਜਾਬੀ ਸਭਿਆਚਾਰ ਕਿਵੇਂ ਨਜ਼ਰ ਆਉਂਦਾ ਹੈ?ਇਸ ਬਾਰੇ ਵਿਸਤਾਰ ਵਿਚ ਜਾਣਕਾਰੀ ਦਿਉ। 20

ਜਾਂ

ਪੰਜਾਬੀ ਕਿੱਸਾ ਕਾਵਿ ਦੇ ਬਿਰਤਾਂਤਕ ਮਸਲਿਆਂ ਸਬੰਧੀ ਵਿਸਤਾਰ ਵਿਚ ਆਪਣੇ ਵਿਚਾਰ ਪ੍ਰਗਟਾਉ।

Scanned with CamScanner

**Deptt. of Punjabi**
**University of Delhi, Delhi-7**

Name of Exam. : M. Phil. Course-II April 2015
Subject : Punjabi
Course : II Medieval Punjabi Literature
Paper : II (Opt. IV) Vir Kaav

Duration : 3 Hours　　　　　　　　　　Maximum Marks : 100

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਪੰਜਾਬੀ ਵੀਰ ਕਾਵਿ ਦੇ ਇਤਿਹਾਸ 'ਤੇ ਇਕ ਨੋਟ ਲਿਖੋ। 20

**ਜਾਂ**

ਪੰਜਾਬੀ ਵੀਰ ਕਾਵਿ ਦੇ ਕਾਵਿ-ਸ਼ਾਸਤਰ ਬਾਰੇ ਸਮੀਖਿਆਤਮਕ ਨੋਟ ਲਿਖੋ।

2. ਮੱਧਯੁੱਗ ਵਿਚ ਲਿਖੀਆਂ ਗਈਆਂ ਵਾਰਾਂ ਦੇ ਕਥਾਨਕ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ। 20

**ਜਾਂ**

ਮੱਧਯੁੱਗ ਵਿਚ ਲਿਖੀਆਂ ਗਈਆਂ ਵਾਰਾਂ ਦੇ ਕਲਾਤਮਕ ਪੱਖ 'ਤੇ ਨੋਟ ਲਿਖੋ।

3. ਵਾਰ ਕਾਵਿ ਦਾ ਇਤਿਹਾਸਕ-ਸਭਿਆਚਾਰਕ ਪਿਛੋਕੜ, ਦੱਸਦਿਆਂ ਪੰਜਾਬੀ ਜਨਜੀਵਨ ਉਪਰ ਇਸ ਦੇ ਪ੍ਰਭਾਵ ਸੰਬੰਧੀ ਚਰਚਾ ਕਰੋ। 20

**ਜਾਂ**

ਕੀ ਵਾਰ ਕਾਵਿ ਪੰਜਾਬ ਦੀ ਵਿਸ਼ੇਸ਼ ਭੂਗੋਲਿਕ ਸਥਿਤੀ ਦੀ ਉਪਜ ਹੈ ? ਵਿਸਤ੍ਰਿਤ ਚਰਚਾ ਕਰੋ।

**P.T.O.**

Scanned with CamScanner

4. ਚੰਡੀ ਦੀ ਵਾਰ ਨੂੰ ਇਕ ਅਧਿਆਤਮਕ ਵਾਰ ਦੇ ਤੌਰ 'ਤੇ ਪਰਖੋ। 20

**ਜਾਂ**

ਚੰਡੀ ਦੀ ਵਾਰ ਵਿਚ ਨਾਇਕ ਦੇ ਚਰਿਤਰ ਦੀ ਸਿਰਜਣਾ ਤੇ ਉਦਾਹਰਣਾਂ ਸਹਿਤ ਨੋਟ ਲਿਖੋ।

5. 'ਨਜਾਬਤ ਦੀ ਵਾਰ' ਦਾ ਇਤਿਹਾਸਕ ਪਿਛੋਕੜ ਦੱਸਦੇ ਹੋਏ ਬਹੁਪੱਖੀ ਅਧਿਐਨ ਪ੍ਰਸਤੁਤ ਕਰੋ। 20

**ਜਾਂ**

'ਨਜਾਬਤ ਦੀ ਵਾਰ' ਦੇ ਕਲਾਤਮਕ ਪੱਖ ਬਾਰੇ ਸਮੀਖਿਆਤਮਕ ਨੋਟ ਲਿਖੋ।

--0--

Scanned with CamScanner

Department of Punjabi
University of Delhi

Name of Examination : M.Phil (Part I) April 2015
Subject : Punjabi
Paper : II (op. V) – Folklore
Time Allowed : 3 Hours

Maximum Marks : 100

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਜ਼ਰੂਰੀ ਹੈ। ਅੰਕ ਸਭ ਦੇ ਬਰਾਬਰ ਹਨ।

1. ਲੋਕਧਾਰਾ ਸੰਕਲਪ ਨੂੰ ਪਰਿਭਾਸ਼ਤ ਕਰਦਿਆਂ ਇਸ ਦੀ ਸੰਰਚਨਾ ਬਾਰੇ ਚਰਚਾ ਕਰੋ।

ਜਾਂ

ਪੰਜਾਬੀ ਦੇ ਪ੍ਰਮੁੱਖ ਲੋਕਧਾਰਾ-ਸ਼ਾਸਤ੍ਰੀਆਂ ਦੀ ਦੇਣ ਬਾਰੇ ਵਿਸਤ੍ਰਿਤ ਨੋਟ ਲਿਖੋ। 20

2. ਵਿਸ਼ਿਸ਼ਟ-ਸਾਹਿਤ ਤੇ ਲੋਕ-ਸਾਹਿਤ ਦੀ ਕੀ ਵਿਲੱਖਣਤਾ ਹੈ ਅਤੇ ਵਿਸ਼ਿਸ਼ਟ-ਸਾਹਿਤ ਸਿਰਜਣਾ ਲਈ ਲੋਕਧਾਰਾਈ ਸਾਮਗ੍ਰੀ ਦਾ ਕੀ ਮਹੱਤਵ ਹੈ, ਚਰਚਾ ਕਰੋ ।

ਜਾਂ

ਪੰਜਾਬੀ ਲੋਕ-ਸਾਹਿਤ ਸੰਬੰਧੀ ਪ੍ਰਾਪਤ ਅਧਿਐਨ ਕਾਰਜ ਸੰਬੰਧੀ ਆਪਣੇ ਵਿਚਾਰ ਪੇਸ਼ ਕਰੋ। 20

3. ਪੰਜਾਬੀ ਲੋਕ-ਕਹਾਣੀ ਵਿਚ ਮਿੱਥ ਰੂਪਾਂਤਰਨ ਬਾਰੇ ਸਮੀਖਿਆਤਮਕ ਨੋਟ ਲਿਖੋ।

ਜਾਂ

ਪੰਜਾਬੀ ਰਸਮਾਂ-ਰਿਵਾਜਾਂ ਦੇ ਬਦਲ ਰਹੇ ਮੁਹਾਂਦਰੇ ਬਾਰੇ ਆਪਣੇ ਵਿਚਾਰ ਪੇਸ਼ ਕਰੋ। 20

4. ਪੰਜਾਬੀ ਸਭਿਆਚਾਰ ਦੇ ਸਾਕਾਚਾਰੀ ਪ੍ਰਬੰਧ ਬਾਰੇ ਵਿਸਤ੍ਰਿਤ ਨੋਟ ਲਿਖੋ।

ਜਾਂ

ਪੰਜਾਬੀ ਸਭਿਆਚਾਰ ਵਿਚਲੇ ਰਸਮਾਂ-ਰਿਵਾਜਾਂ ਦੇ ਸਭਿਆਚਾਰਕ ਮਹੱਤਵ ਉਪਰ ਚਾਨਣਾ ਪਾਓ। 20

5. ਪੰਜਾਬੀ ਲੋਕਗੀਤਾਂ ਵਿਚ ਪੇਸ਼ ਨਾਰੀ ਬਿੰਬ ਦੇ ਸਮਾਜਕ-ਸਭਿਆਚਾਰਕ ਪੱਖ ਦੀ ਨਿਸ਼ਾਨਦੇਹੀ ਕਰੋ।

ਜਾਂ

"ਕੀ ਪੰਜਾਬੀ ਸਭਿਆਚਾਰ ਇਕ ਸੰਯੁਕਤ ਸਭਿਆਚਾਰ ਹੈ ?" ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ। 20

---***---

Scanned with CamScanner

Department of Punjabi, University of Delhi, Delhi-7

Roll No. ............

Name of Examination: M.Phil.

Subject: Punjabi

Paper : III (i) Modern Punjabi Poetry

(April 2015)

Time: 3 Hours

Maximum Marks: 100

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਹਰ ਪ੍ਰਸ਼ਨ ਦੇ 20 ਅੰਕ ਹਨ।

1. ਆਧੁਨਿਕ ਪੰਜਾਬੀ ਕਵਿਤਾ ਦੀ ਇਤਿਹਾਸਕ ਵਿਕਾਸ ਰੇਖਾ 'ਤੇ ਵਿਸਤ੍ਰਿਤ ਨੋਟ ਲਿਖੋ।

ਜਾਂ

ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਖ-ਪ੍ਰਵਿਰਤੀਆਂ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾਓ।

2. ਸਮਕਾਲੀ ਪੰਜਾਬੀ ਕਵਿਤਾ ਦੇ ਮੁੱਖ ਕਾਵਿ-ਸਰੋਕਾਰਾਂ ਨੂੰ ਅਧਿਐਨ ਦਾ ਕੇਂਦਰ ਬਿੰਦੂ ਬਣਾਓ।

ਜਾਂ

ਪੰਜਾਬੀ ਨਾਰੀ ਕਵ੍ਰਿਤੀਆਂ ਦੇ ਹਵਾਲੇ ਨਾਲ ਪੰਜਾਬੀ ਨਾਰੀ-ਕਾਵਿ ਬਾਰੇ ਚਰਚਾ ਕਰੋ।

3. 'ਅਗਰਬੱਤੀ' ਗ਼ਜ਼ਲ-ਸੰਗ੍ਰਹਿ ਦੇ ਆਧਾਰ 'ਤੇ ਜਸਵਿੰਦਰ ਦੇ ਕੇਂਦਰੀ ਕਾਵਿ-ਸਰੋਕਾਰਾਂ ਉੱਤੇ ਸਮੀਖਿਆਤਮਕ ਨੋਟ ਲਿਖੋ।

ਜਾਂ

'ਅਗਰਬੱਤੀ' ਗ਼ਜ਼ਲ-ਸੰਗ੍ਰਹਿ ਦੇ ਆਧਾਰ 'ਤੇ ਜਸਵਿੰਦਰ ਦੀ ਗ਼ਜ਼ਲ ਦੇ ਕਲਾਤਮਕ ਪਹਿਲੂਆਂ ਬਾਰੇ ਚਰਚਾ ਕਰੋ।

4. 'ਬਿਰਤੀ' ਕਾਵਿ-ਸੰਗ੍ਰਹਿ ਦੇ ਆਧਾਰ 'ਤੇ ਅਮਰਜੀਤ ਘੁੰਮਣ ਦੀ ਕਾਵਿ-ਸੰਵੇਦਨਾ ਉੱਤੇ ਵਿਸਤਾਰ ਪੂਰਵਕ ਨੋਟ ਲਿਖੋ।

ਜਾਂ

ਅਮਰਜੀਤ ਘੁੰਮਣ ਦੇ ਕਾਵਿ-ਸੰਗ੍ਰਹਿ 'ਬਿਰਤੀ' ਦਾ ਪਾਠਗਤ ਅਧਿਐਨ ਪ੍ਰਸਤੁਤ ਕਰੋ।

5. 'ਮਨ ਦੀ ਕੋਇਲ' ਕਾਵਿ-ਸੰਗ੍ਰਹਿ ਦੇ ਆਧਾਰ 'ਤੇ ਸ਼ਸ਼ੀ ਸਮੁੰਦਰਾ ਦੀ ਨਾਰੀ ਦ੍ਰਿਸ਼ਟੀ ਬਾਰੇ ਚਰਚਾ ਕਰੋ।

ਜਾਂ

ਸ਼ਸ਼ੀ ਸਮੁੰਦਰਾ ਦੇ ਕਾਵਿ-ਸੰਗ੍ਰਹਿ 'ਮਨ ਦੀ ਕੋਇਲ' ਵਿੱਚੋਂ ਉੱਭਰਦੇ ਨਾਰੀ-ਬਿੰਬ ਉੱਤੇ ਸਮੀਖਿਆਤਮਕ ਨੋਟ ਲਿਖੋ।

Scanned with CamScanner

Roll No.............

Department of Punjabi
University of Delhi
Course : M.Phil. Punjabi
Subject : Punjabi
Paper : Adhunik Punjabi Galap
Option : C-III(ii )
(Admission of 2009& onwards)
(April- 2015)

Time Allowed:3 hours Maximum Marks:100

ਨੋਟ: ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ।

1. ਨਵੀਂ ਪੰਜਾਬੀ ਕਹਾਣੀ ਦੇ ਪ੍ਰਮੁੱਖ ਝੁਕਾਵਾਂ ਬਾਰੇ ਵਿਸਤਾਰ-ਪੂਰਵਕ ਨੋਟ ਲਿਖੋ। 20

ਜਾਂ

ਪੰਜਾਬੀ ਕਹਾਣੀ ਦੇ ਅਰੰਭ ਤੇ ਵਿਕਾਸ ਬਾਰੇ ਵਿਸਤ੍ਰਿਤ ਚਰਚਾ ਕਰੋ।

2 ਪੰਜਾਬੀ ਨਾਵਲ ਦੇ ਇਤਿਹਾਸਕ ਵਿਕਾਸ ਬਾਰੇ ਚਰਚਾ ਕਰਦਿਆਂ, ਇਸ ਦੇ ਸਮਕਾਲੀ ਸਰੋਕਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 20

ਜਾਂ

ਪੰਜਾਬੀ ਨਾਵਲ ਦੀਆਂ ਮੂਲ ਪ੍ਰਵਿਰਤੀਆਂ ਨਾਲ ਜਾਣ-ਪਛਾਣ ਕਰਵਾਓ।

3. 'ਮੱਲ੍ਹਮ ਤੇ ਹੋਰ ਕਹਾਣੀਆਂ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੇ ਥੀਮਕ ਪਸਾਰਾਂ ਬਾਰੇ ਵਿਸਤ੍ਰਿਤ ਚਰਚਾ ਕਰੋ। 20

ਜਾਂ

'ਮੱਲ੍ਹਮ ਤੇ ਹੋਰ ਕਹਾਣੀਆਂ' ਕਹਾਣੀ ਸੰਗ੍ਰਹਿ ਦੀ ਕਿਸੇ ਇਕ ਕਹਾਣੀ ਦੀ ਆਲੋਚਨਾਤਮਕ ਸਮੀਖਿਆ ਕਰੋ।

4. 'ਸੂਕੇ ਕਾਸਟ'ਨਾਵਲ ਦਾ ਸਮਾਜਕ-ਸਭਿਆਚਾਰਕ ਪੱਖ ਤੋਂ ਅਧਿਐਨ ਕਰੋ। 20

ਜਾਂ

'ਸੂਕੇ ਕਾਸਟ' ਨਾਵਲ ਦੇ ਮੂਲ ਸਰੋਕਾਰਾਂ ਨਾਲ ਜਾਣ-ਪਛਾਣ ਕਰਵਾਓ।

5. ਨਾਵਲ 'ਬਲੀ' ਕਿਸ ਪ੍ਰਕਾਰ ਪੰਜਾਬ ਦੇ ਰਾਜਨੀਤਕ ਸਭਿਆਚਾਰਕ ਸਰੋਕਾਰਾਂ ਨੂੰ ਪੇਸ਼ ਕਰਦਾ ਹੈ? ਵਿਸਤ੍ਰਿਤ ਚਰਚਾ ਕਰੋ। 20

ਜਾਂ

'ਬਲੀ' ਨਾਵਲ ਪੰਜਾਬ ਦੇ ਸਮੂਹਿਕ ਦੁਖਾਂਤ ਦੀ ਤਸਵੀਰ ਕਿਵੇਂ ਪੇਸ਼ ਕਰਦਾ ਹੈ? ਇਸ ਸੰਬੰਧੀ ਆਪਣੇ ਵਿਚਾਰ ਵਿਸਤਾਰਪੂਰਵਕ ਪ੍ਰਗਟਾਓ।

Scanned with CamScanner

**Deptt. of Punjabi**
**University of Delhi**

Roll No.................

Name of Exam. : M. Phil (Part I) April 2015
Subject : Punjabi
Paper : III (op.III) - Punjabi Natak

Time Allowed : 3 Hours

Maximum Marks : 100

**ਨੋਟ :** ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ।

1. ਪੰਜਾਬੀ ਨਾਟਕ ਦੀ ਵਿਕਾਸ ਰੇਖਾ ਉਲੀਕਦੇ ਹੋਏ ਸਮਕਾਲੀ ਪੰਜਾਬੀ ਨਾਟਕ ਦੇ ਪ੍ਰਮੁੱਖ ਸਰੋਕਾਰਾਂ ਬਾਰੇ ਚਾਨਣਾ ਪਾਓ। 20

**ਜਾਂ**

ਪੰਜਾਬੀ ਰੰਗਮੰਚ ਦੇ ਵਿਕਾਸ ਦਾ ਚਿਤਰਨ ਕਰਦੇ ਹੋਏ ਪੰਜਾਬੀ ਰੰਗ-ਮੰਚ ਦੇ ਮੁਖ ਕੇਂਦਰਾਂ ਦਾ ਵਰਨਣ ਕਰੋ।

2. ਐਬਸਰਡ ਥੀਏਟਰ ਦੇ ਸੰਕਲਪ ਅਤੇ ਸਿਧਾਂਤ ਬਾਰੇ ਵਿਸਤ੍ਰਿਤ ਚਰਚਾ ਕਰੋ। 20

**ਜਾਂ**

ਮਹਾਂਨਾਟ (Epic Theater) ਦੀ ਨਾਟ-ਸ਼ੈਲੀ ਉਤੇ ਰੌਸ਼ਨੀ ਪਾਓ।

5. ਸਵਰਾਜਬੀਰ ਦੇ ਨਾਟਕ 'ਮੱਸਿਆ ਦੀ ਰਾਤ' ਦਾ ਸਮਾਜ-ਸਭਿਆਚਾਰਕ ਅਧਿਐਨ ਕਰੋ। 20

**ਜਾਂ**

6. 'ਮੱਸਿਆ ਦੀ ਰਾਤ' ਇਕ ਨਾਰੀਵਾਦੀ ਰਚਨਾ ਹੈ। ਚਰਚਾ ਕਰੋ।

**P.T.O.**

Scanned with CamScanner

4. ਗੁੱਜਰ ਭਾਈਚਾਰੇ ਵਿਚ ਪੇਸ਼ ਵਿਆਹ ਸੰਕਟ ਬਾਰੇ ਚਰਚਾ ਕਰਦੇ ਹੋਏ ਜਗਦੀਸ਼ ਸਚਦੇਵ ਦੇ ਨਾਟਕ 'ਸਾਵੀ' ਦੇ ਕਥਾਨਕ ਨੂੰ ਵਿਚਾਰੋ। 20

**ਜਾਂ**

ਸਾਵੀ ਇਕ ਸਫਲ ਨਾਟ-ਮੰਚੀ ਰਚਨਾ ਹੈ। ਚਰਚਾ ਕਰੋ।

5. ਆਤਮਜੀਤ ਰਚਿਤ ਨਾਟਕ 'ਮੁੰਗੂ ਕਾਮਰੇਡ' ਵਿਚ ਉਭਰਦੇ ਬਸਤੀਵਾਦੀ ਸਰੋਕਾਰਾਂ ਬਾਰੇ ਵਿਸਥਾਰਪੂਰਵਕ ਚਰਚਾ ਕਰੋ। 20

**ਜਾਂ**

ਮਾਰਕਸਵਾਦੀ ਆਲੋਚਨਾ ਪ੍ਰਣਾਲੀ ਅਨੁਸਾਰ ਨਾਟਕ 'ਮੁੰਗੂ ਕਾਮਰੇਡ' ਦੀ ਵਿਆਖਿਆ ਕਰੋ।

Scanned with CamScanner

Roll no.................

Department of Punjabi, University of Delhi, Delhi-07

Name of Examination : M.Phil. April-2015

Subject : Punjabi

Course : II- Modern Punjabi Literature

Paper : III (op. IV)- Modern Punjabi Prose, Biography and Literary Criticism

Time : 3 Hours

Maximum Marks :100

ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 20 ਅੰਕ ਹਨ।

1. ਪੰਜਾਬੀ ਵਾਰਤਕ ਦੇ ਉਦਭਵ ਅਤੇ ਵਿਕਾਸ ਬਾਰੇ ਇਕ ਵਿਸਥਾਰਪੂਰਵਕ ਨੋਟ ਲਿਖੋ।

ਜਾਂ

ਪੰਜਾਬੀ ਪੱਤਰਕਾਰੀ ਦੇ ਵਿਕਾਸਕ੍ਰਮ ਨੂੰ ਉਲੀਕਦਿਆਂ ਇਸ ਵਿਚ ਆਏ ਵੱਖ-ਵੱਖ ਪੜਾਵਾਂ ਦੀ ਨਿਸ਼ਾਨਦੇਹੀ ਕਰੋ।

2. 'ਗੌਤਮ ਤੋਂ ਤਾਸਕੀ ਤੱਕ' ਪੁਸਤਕ ਦੇ ਅਧਾਰ ਉਤੇ ਹਰਪਾਲ ਪੰਨੂ ਦੀ ਵਾਰਤਕ ਸ਼ੈਲੀ ਬਾਰੇ ਵਿਸਤ੍ਰਿਤ ਨੋਟ ਲਿਖੋ।

ਜਾਂ

ਹਰਪਾਲ ਪੰਨੂ ਰਚਿਤ ਵਾਰਤਕ ਪੁਸਤਕ 'ਗੌਤਮ ਤੋਂ ਤਾਸਕੀ ਤੱਕ' ਵਿਚ ਨਾਇਕ ਦੀ ਨਿਰਮਾਣਕਾਰੀ ਕਿਹੜੀਆਂ ਜੁਗਤਾਂ ਰਾਹੀਂ ਹੋਂਦ ਗ੍ਰਹਿਣ ਕਰਦੀ ਹੈ? ਚਰਚਾ ਕਰੋ।

3. ਖਾਲਿਦ ਹੁਸੈਨ ਦੀ ਸਵੈ-ਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' ਵਿਚਲੇ ਸਭਿਆਚਾਰਕ ਸਰੋਕਾਰਾਂ ਉਤੇ ਚਾਨਣਾ ਪਾਓ।

ਜਾਂ

ਪੰਜਾਬੀ ਸਵੈ-ਜੀਵਨੀ ਦੇ ਇਤਿਹਾਸਕ ਪਿਛੋਕੜ ਵਿਚ ਖਾਲਿਦ ਹੁਸੈਨ ਦੀ ਸਵੈ-ਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' ਦੇ ਕਲਾਤਮਕ ਪਹਿਲੂਆਂ ਬਾਰੇ ਜਾਣਕਾਰੀ ਦਿਓ।

4. ਮਾਰਕਸਵਾਦੀ ਆਲੋਚਨਾ ਪ੍ਰਣਾਲੀ ਬਾਰੇ ਵਿਸਤ੍ਰਿਤ ਨੋਟ ਲਿਖਦਿਆਂ ਪੰਜਾਬੀ ਪ੍ਰਗਤੀਵਾਦੀ ਅਤੇ ਜੁਝਾਰਵਾਦੀ ਸਾਹਿਤ ਉਤੇ ਪਏ ਮਾਰਕਸੀ ਪ੍ਰਭਾਵਾਂ ਨੂੰ ਸਪਸ਼ਟ ਕਰੋ

ਜਾਂ

ਰੂਸੀ ਰੂਪਵਾਦ ਦੇ ਆਰੰਭ ਤੇ ਵਿਕਾਸ ਨੂੰ ਦਰਸਾਉਂਦਿਆਂ ਇਸ ਲਹਿਰ ਵੱਲੋਂ ਸਾਹਿਤ ਬਾਰੇ ਉਠਾਏ ਪ੍ਰਮੁੱਖ ਨੁਕਤਿਆਂ ਬਾਰੇ ਇਕ ਨੋਟ ਲਿਖੋ।

5. ਪੰਜਾਬੀ ਆਲੋਚਨਾ ਦੇ ਇਤਿਹਾਸਕ ਪੜਾਵਾਂ ਦੇ ਅਧਾਰ ਉਤੇ ਇਸ ਦੀ ਦਸ਼ਾ ਅਤੇ ਦਿਸ਼ਾ ਬਾਰੇ ਆਪਣੇ ਵਿਚਾਰ ਲਿਖੋ।

ਜਾਂ

ਵਿਭਿੰਨ ਪੱਛਮੀ ਸਾਹਿਤ ਪ੍ਰਣਾਲੀਆਂ ਦੇ ਪੰਜਾਬੀ ਸਾਹਿਤ ਆਲੋਚਨਾ ਉਤੇ ਪਏ ਪ੍ਰਭਾਵਾਂ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

Scanned with CamScanner